# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 03 ਅਕਤੂਬਰ 2025 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕਰਨਲ ਬਲਬੀਰ ਸਿੰਘ ਸਰਾਂ ਵੱਲੋਂ ਬਾਰਵੀਂ ਪੁਸਤਕ “ਅਣਮੁੱਲੇ ਪਲ” ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 3 ਨਵੰਬਰ : ਪੰਜਾਬੀ ਸਾਹਿਤ ਸਭਾ (ਰਜਿ:) ਫਰੀਦਕੋਟ ਵੱਲੋਂ ਆਪਣੀ ਮਹੀਨਾਵਾਰ ਮੀਟਿੰਗ ਸਿਵਲ ਪੈਨਸ਼ਨ ਐਸੋਸੀਏਸ਼ਨ ਫਰੀਦਕੋਟ ਦੇ ਦਫਤਰ ਵਿੱਚ ਪ੍ਰਧਾਨ ਕਰਨਲ ਬਲਵੀਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਪ੍ਰੋਫੈਸਰ ਪਾਲ ਸਿੰਘ ਪਾਲ, ਸ੍ਰੀ ਸੁਰਿੰਦਰ ਪਾਲ ਭਲੂਰੀਆ, ਇੰਜ: ਦਰਸ਼ਨ ਸਿੰਘ ਰੋਮਾਣਾ, ਸ੍ਰੀ ਪ੍ਰਿੰਸੀਪਲ ਕ੍ਰਿਸ਼ਨ ਲਾਲ ਬਕੋਲੀਆ, ਇੰਜ:ਲਾਲ ਸਿੰਘ ਕਲਸੀ ਇੰਜ: ਬਲਵੰਤ ਰਾਏ ਗੱਖੜ, ਹਰਸੰਗੀਤ ਸਿੰਘ ਗਿੱਲ, ਸ੍ਰੀ ਰਾਜ ਧਾਲੀਵਾਲ, ਸ੍ਰੀ ਸਾਧੂ ਸਿੰਘ ਚਮੇਲੀ, ਗੁਰਤੇਜ ਪੱਖੀ, ਕੁਲਵਿੰਦਰ ਸਿੰਘ ਭਾਣਾ ਅਤੇ ਪ੍ਰਿੰਸੀਪਲ ਸੁਖਦੇਵ ਸਿੰਘ ਨੇ ਸ਼ਿਰਕਤ ਕੀਤੀ। ਸੱਭ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਮਾਹੌਲ ਬੜਾ ਰੰਗੀਲੀ ਸੁਰ ਵਿੱਚ ਰਿਹਾ। ਇਸ ਦੌਰਾਨ ਕਰਨਲ ਬਲਵੀਰ ਸਿੰਘ ਸਰਾਂ ਨੇ ਆਪਣੀ ਬਾਰਵੀਂ ਪੁਸਤਕ “ਅਣਮੁੱਲੇ ਪਲ” (ਗੁੰਮਨਾਮ ਕੁੜੀ ਦੀ ਡਾਇਰੀ) ਲੋਕ ਅਰਪਣ ਕੀਤੀ। ਸਾਰੀ ਸਭਾ ਨੇ ਪ੍ਰਧਾਨ ਸਰਾਂ ਨੂੰ ਮੁਬਾਰਕਬਾਦ ਦਿੱਤੀ। ਇਸ ਤੋਂ ਇਲਾਵਾ ਪ੍ਰਧਾਨ ਸਰਾਂ ਸਾਹਿਬ ਨੇ ਇਹ ਵੀ ਇੱਛਾ ਜਾਹਿਰ ਕੀਤੀ ਕਿ ਇਸ ਸਭਾ ਦੀ ਕਮੇਟੀ ਦੀ ਮਿਆਦ ਮਿਤੀ 31/12/ 25 ਨੂੰ ਪੂਰੀ ਹੋ ਰਹੀ ਹੈ । ਅਗਲੀ ਚੋਣ ਬਾਰੇ ਨੇੜ ਭਵਿੱਖ ਵਿੱਚ ਆਪਾਂ ਨੂੰ ਇੱਕ ਮੀਟਿੰਗ ਕਰਕੇ ਵਿਚਾਰ ਚਰਚਾ ਕਰ ਲੈਣੀ ਚਾਹੀਦੀ ਹੈ।

## ਨਿਸ਼ਕਾਮ ਸੇਵਾ ਸੰਮਤੀ ਕੋਟਕਪੂਰਾ ਵੱਲੋਂ 269ਵਾਂ ਮਾਸਿਕ ਰਾਸ਼ਨ ਵੰਡ ਸਮਾਰੋਹ ਦਾ ਆਯੋਜਨ

### ਮੁੱਖ ਮਹਿਮਾਨ ਸ਼ਾਰਦਾ ਦੇਵੀ ਅਤੇ ਅਨਿਲ ਕੁਮਾਰ ਗੋਇਲ ਨੇ ਰਾਸ਼ਨ ਦੀਆਂ ਗੱਡੀਆਂ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 3 ਨਵੰਬਰ: ਨਿਸ਼ਕਾਮ ਸੇਵਾ ਸੰਮਤੀ (ਰਜਿ.) (2003) ਕੋਟਕਪੂਰਾ ਵੱਲੋਂ 269ਵਾਂ ਮਾਸਿਕ ਰਾਸ਼ਨ ਵੰਡ ਸਮਾਰੋਹ ਸਥਾਨਕ ਅਗਰਵਾਲ ਭਵਨ ਵਿੱਚ ਬਹੁਤ ਹੀ ਸ਼ਰਧਾ, ਭਾਵਨਾ ਅਤੇ ਨਿਸ਼ਕਾਮਤਾ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਸੰਸਥਾ ਦੇ ਅਡੋਲ ਸੇਵਾ ਸੰਕਲਪ ਅਤੇ ਮਨੁੱਖਤਾ ਪ੍ਰਤੀ ਸਮਰਪਿਤ ਜਜ਼ਬੇ ਦੀ ਜੀਵੰਤ ਝਲਕ ਰਿਹਾ। ਸਮਾਗਮ ਦੀ ਸ਼ੁਰੂਆਤ ਪ੍ਰਭੂ ਨਾਮ ਸਿਮਰਨ ਨਾਲ ਹੋਈ, ਜਿਸ ਨਾਲ ਪੂਰਾ ਮਾਹੌਲ ਸ਼ਾਂਤੀ ਅਤੇ ਆਧਿਆਤਮਿਕ ਉਰਜਾ ਨਾਲ ਗੂੰਜ ਉਠਿਆ। ਸਮਾਗਮ ਦੀ ਅਗਵਾਈ ਸੰਮਤੀ ਦੇ ਸਰਪ੍ਰਸਤ ਯਸ਼ਪਾਲ ਅਗਰਵਾਲ ਅਤੇ ਪ੍ਰਧਾਨ ਮਨੋਜ ਦਿਵੇਦੀ ਜੀ ਨੇ ਕੀਤੀ। ਉਨ੍ਹਾਂ ਨੇ ਦੱਸਿਆ ਕਿ ਨਿਸ਼ਕਾਮ ਸੇਵਾ ਸੰਮਤੀ ਪਿਛਲੇ 22 ਸਾਲਾਂ ਤੋਂ ਬਿਨਾਂ ਕਿਸੇ ਸਰਕਾਰੀ ਸਹਾਇਤਾ ਦੇ, ਸਿਰਫ ਆਪਣੇ ਮੈਂਬਰਾਂ ਦੇ ਦਿਲੀ ਯੋਗਦਾਨ ਨਾਲ ਕੋਟਕਪੂਰਾ, ਜੈਤੋ ਅਤੇ ਆਲੇ ਦੁਆਲੇ ਦੇ 17 ਪਿੰਡਾਂ ਵਿੱਚ ਰਹਿੰਦੀਆਂ ਲਗਭਗ 435 ਵਿਧਵਾ ਅਤੇ ਲੋੜਵੰਦ ਮਹਿਲਾਵਾਂ ਨੂੰ ਹਰ ਮਹੀਨੇ ਮੁਫ਼ਤ ਰਾਸ਼ਨ ਸਹਾਇਤਾ ਪ੍ਰਦਾਨ ਕਰ ਰਹੀ ਹੈ। ਸਿਮਰਨ ਤੋਂ ਬਾਅਦ ਸੰਮਤੀ ਦੇ ਸੀਨੀਅਰ ਸਕੱਤਰ ਲੈਕ.ਵਰਿੰਦਰ ਕਟਾਰੀਆ ਨੇ ਸੰਸਥਾ ਦੀ ਨਿਯਮਤ ਕਾਰਜਪੱਧਤੀ, ਸੰਕਲਪ ਅਤੇ ਵਿਸ਼ਵਾਸ ਯੋਗਤਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਉਨ੍ਹਾਂ ਨੇ ਸਾਫ਼ ਕੀਤਾ ਕਿ ਇਹ ਸੰਸਥਾ ਪੂਰੀ ਤਰ੍ਹਾਂ ਮੈਂਬਰਾਂ ਦੀ ਦਾਨਦਾਤਾ ਭੂਮਿਕਾ ’ਤੇ ਨਿਰਭਰ ਕਰਦੀ ਹੈ, ਜਿਸ ਵਿੱਚ ਕੋਈ ਸਰਕਾਰੀ ਗ੍ਰਾਂਟ



ਜਾਂ ਹੋਰ ਆਰਥਿਕ ਸਹਾਰਾ ਨਹੀਂ ਲਿਆ ਜਾਂਦਾ। ਉਨ੍ਹਾਂ ਇਹ ਵੀ ਦੱਸਿਆ ਕਿ ਅੰਗਰੇਜ ਸਿੰਘ (1100 ਪ੍ਰਤੀ ਮਹੀਨਾ), ਸੀਨੀਅਰ ਮੈਂਬਰ ਮਨਜੀਤ ਕੌਰ ਨੰਗਲ ਜੀ ਦੇ ਸਹਿਯੋਗ ਨਾਲ ਸੰਮਤੀ ਦੇ ਪਰਿਵਾਰ ਨਾਲ ਸ਼ਾਮਿਲ ਹੋਏ। ਇਸ ਵਾਰ ਦੇ ਮੁੱਖ ਮਹਿਮਾਨ ਸ਼੍ਰੀਮਤੀ ਸ਼ਾਰਦਾ ਦੇਵੀ (ਪਤਨੀ ਸ਼੍ਰੀ ਉਮ ਪ੍ਰਕਾਸ਼ ਗੋਇਲ ਐਡਵੋਕੇਟ) ਅਤੇ ਬੇਟੇ ਸ਼੍ਰੀ ਅਨਿਲ ਕੁਮਾਰ ਗੋਇਲ ਐਡਵੋਕੇਟ (ਟੈਕਸ ਕੰਸਲਟੈਂਟ) ਪ੍ਰਤਾਪ ਨਗਰ, ਕੋਟਕਪੂਰਾ ਸਨ। ਮੁੱਖ ਮਹਿਮਾਨਾਂ ਨੇ ਆਪਣੇ ਪ੍ਰੇਰਣਾਦਾਇਕ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ‘ਨਿਸ਼ਕਾਮ ਸੇਵਾ ਸੰਮਤੀ’ ਵੱਲੋਂ ਚਲਾਇਆ ਜਾ ਰਿਹਾ ਇਹ ਨਿਰਲੋਭ ਸੇਵਾ ਯਤਨ ਮਨੁੱਖਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਵਿਧਵਾ ਮਹਿਲਾਵਾਂ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੀ ਸਹਾਇਤਾ ਕਰਨਾ ਸਭ ਤੋਂ ਵੱਡੀ ਧਾਰਮਿਕ ਤੇ ਆਤਮਿਕ ਸੇਵਾ ਹੈ। ਸ਼੍ਰੀਮਤੀ ਸ਼ਾਰਦਾ ਦੇਵੀ ਅਤੇ ਮਾਤਾ ਅਨਿਲ ਕੁਮਾਰ ਗੋਇਲ ਨੇ ਸੇਵਾਦਾਰਾਂ ਦੇ ਸੇਵਾ-ਭਾਵ ਦੀ ਦਿਲੋਂ ਪ੍ਰਸ਼ੰਸਾ ਕੀਤੀ ਅਤੇ ਸੇਵਾ ਕਾਰਜ ਲਈ 11000/- ਰਾਸ਼ੀ ਭੇਟ ਕੀਤੀ। ਮੁੱਖ ਮਹਿਮਾਨਾਂ ਨੇ ਆਪਣੇ ਪ੍ਰੇਰਣਾਦਾਇਕ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ‘ਨਿਸ਼ਕਾਮ ਸੇਵਾ ਸੰਮਤੀ’ ਦਾ ਇਹ ਨਿਰਲੋਭ ਸੇਵਾ ਮਿਸ਼ਨ ਸੱਚਮੁੱਚ ਮਨੁੱਖਤਾ ਅਤੇ ਦਇਆ ਦਾ ਜੀਵੰਤ ਪ੍ਰਤੀਕ ਹੈ। ਵਿਧਵਾ ਮਹਿਲਾਵਾਂ ਅਤੇ ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੀ ਸਹਾਇਤਾ ਕਰਨਾ ਸਭ ਤੋਂ ਵੱਡਾ ਮਨੁੱਖੀ ਧਰਮ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀ ਸੇਵਾ ਸਿਰਫ਼ ਮਦਦ ਨਹੀਂ ਸਗੋਂ ਆਤਮਿਕ ਉਤਥਾਨ ਦਾ ਰਾਹ ਹੈ। ਸ਼੍ਰੀਮਤੀ ਸ਼ਾਰਦਾ ਦੇਵੀ ਜੀ ਅਤੇ ਸ਼੍ਰੀ ਅਨਿਲ ਕੁਮਾਰ ਗੋਇਲ ਜੀ ਨੇ ਸੰਮਤੀ ਦੇ ਸੇਵਾਦਾਰਾਂ ਦੀ ਭਾਵਨਾ ਦੀ ਦਿਲੋਂ ਪ੍ਰਸ਼ੰਸਾ ਕੀਤੀ ਅਤੇ ਸੇਵਾ ਕਾਰਜ ਲਈ ਰਾਸ਼ੀ ਭੇਟ ਕੀਤੀ। ਸੰਮਤੀ ਦੇ ਪ੍ਰਧਾਨ ਮਨੋਜ ਦਿਵੇਦੀ ਨੇ ਸਮਾਰੋਹ ਦੌਰਾਨ ਸੰਸਥਾ ਦੀ ਕਾਰਗੁਜ਼ਾਰੀ ਤੇ ਸੇਵਾ ਪ੍ਰਣਾਲੀ ਬਾਰੇ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਹਰ ਲਾਭਪਾਤਰੀ ਦੀ ਚੋਣ ਪੂਰੀ ਜਾਂਚ, ਪੜਤਾਲ ਅਤੇ ਪੂਰਨ ਨਿਰਪੱਖਤਾ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸੰਮਤੀ ਦਾ ਮੁੱਖ ਉਦੇਸ਼ ਸਿਰਫ ਰਾਸ਼ਨ ਵੰਡਣ ਤੱਕ ਸੀਮਿਤ ਨਹੀਂ, ਬਲਕਿ ਇਹ ਯਤਨ ਹੈ ਕਿ ਹਰ ਮਹਿਲਾ ਆਪਣੇ ਜੀਵਨ ਵਿੱਚ ਆਤਮਵਿਸ਼ਵਾਸ, ਸੁਰੱਖਿਆ ਅਤੇ ਸਵਾਲੰਭਨ ਦੀ ਭਾਵਨਾ ਮਹਿਸੂਸ ਕਰੇ। ਸਰਪ੍ਰਸਤ ਯਸ਼ਪਾਲ ਅਗਰਵਾਲ ਨੇ ਆਪਣੇ ਗਹਿਰੇ ਆਧਿਆਤਮਿਕ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜਿੱਥੇ ਸੇਵਾ ਹੈ, ਓਥੇ ਹੀ ਪ੍ਰਭੂ ਦਾ ਅਸਲੀ ਨਿਵਾਸ ਹੈ। ਉਨ੍ਹਾਂ ਕਿਹਾ ਕਿ ਸੇਵਾ ਕੋਈ ਸਧਾਰਣ ਕਰਮ ਨਹੀਂ, ਬਲਕਿ ਇਹ ਮਨੁੱਖ ਦੇ ਜੀਵਨ ਦੀ ਸਭ ਤੋਂ ਉੱਚੀ ਸਾਧਨਾ ਹੈ, ਉਹ ਰਾਹ ਹੈ, ਜਿੱਥੇ ਮਨੁੱਖ ਆਪਣੇ ਅਹੰਕਾਰ ਨੂੰ ਤਿਆਗ ਕੇ, ਦਇਆ, ਕਰੁਣਾ ਅਤੇ ਨਿਸ਼ਕਾਮਤਾ ਦੇ ਸਾਗਰ ਵਿੱਚ ਲੀਨ ਹੋ ਜਾਂਦਾ ਹੈ। ਸੇਵਾ ਕਰਨਾ ਸਿਰਫ਼ ਲੋੜਵੰਦਾਂ ਦੀ ਮਦਦ ਕਰਨਾ ਨਹੀਂ, ਸਗੋਂ ਪ੍ਰਭੂ ਦੀ ਇੱਛਾ ਨੂੰ ਆਪਣੇ ਕਰਮਾਂ ਰਾਹੀਂ ਜਿਉਣਾ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਮਨੁੱਖ ਆਪਣੇ ਸੁਖ ਦੁੱਖ ਤੋਂ ਉਪਰ ਉੱਠ ਕੇ ਕਿਸੇ ਹੋਰ ਦੇ ਦੁੱਖ ਦੂਰ ਕਰਨ ਲਈ ਹੱਥ ਵਧਾਉਂਦਾ ਹੈ, ਓਥੇ ਹੀ ਅਸਲੀ ਧਰਮ ਦੀ ਸ਼ੁਰੂਆਤ ਹੁੰਦੀ ਹੈ। ਨਿਸ਼ਕਾਮ ਸੇਵਾ ਮਨੁੱਖ ਦੇ ਅੰਦਰ ਉਹ ਆਤਮਿਕ ਜਗਰੂਕਤਾ ਜਗਾਉਂਦੀ ਹੈ ਜੋ ਉਸ ਨੂੰ ਪ੍ਰਭੂ ਨਾਲ ਜੋੜਦੀ ਹੈ। ਸੇਵਾ ਕਰਨ ਵਾਲੇ ਦੇ ਚਿਹਰੇ ’ਤੇ ਜੋ ਸ਼ਾਂਤੀ ਅਤੇ ਸੰਤੁਸ਼ਟੀ ਦਾ ਪ੍ਰਕਾਸ਼ ਹੁੰਦਾ ਹੈ, ਉਹ ਕਿਸੇ ਧਿਆਨ ਜਾਂ ਤਪੱਸਿਆ ਨਾਲ ਨਹੀਂ ਮਿਲ ਸਕਦਾ। ਸ੍ਰੀ ਅਗਰਵਾਲ ਨੇ ਕਿਹਾ ਕਿ ਜਗਤ ਵਿੱਚ ਜਿੱਥੇ ਭੇਦਭਾਵ, ਅਹੰਕਾਰ ਅਤੇ ਲਾਲਚ ਵੱਧ ਰਹੇ ਹਨ, ਉਥੇ ਨਿਸ਼ਕਾਮ ਸੇਵਾ ਦੀ ਜੋਤ ਮਨੁੱਖਤਾ ਨੂੰ ਇਕਤਾ, ਪ੍ਰੇਮ ਅਤੇ ਦਇਆ ਦੇ ਰਾਹ ’ਤੇ ਲੈ ਜਾਣ ਦੀ ਸਮਰਥਾ ਰੱਖਦੀ ਹੈ। ਉਨ੍ਹਾਂ ਨੇ ਕਿਹਾ ਕਿ ਸੇਵਾ ਕਰਨਾ ਪ੍ਰਭੂ ਦੀ ਅਰਾਧਨਾ ਦਾ ਸਭ ਤੋਂ ਸੁੰਦਰ ਰੂਪ ਹੈ, ਜਦੋਂ ਮਨੁੱਖ ਕਿਸੇ ਹੋਰ ਦੇ ਚਿਹਰੇ ’ਤੇ ਮੁਸਕਰਾਹਟ ਲਿਆਉਂਦਾ ਹੈ, ਤਦੋਂ ਹੀ ਉਹ ਪ੍ਰਭੂ ਦੀ ਸਭ ਤੋਂ ਵੱਡੀ ਕਿਰਪਾ ਦਾ ਅਨੁਭਵ ਕਰਦਾ ਹੈ। ਉਨ੍ਹਾਂ ਨੇ ਅੰਤ ਵਿੱਚ ਕਿਹਾ ਕਿ ਨਿਸ਼ਕਾਮ ਸੇਵਾ ਰਾਹੀਂ ਮਨੁੱਖ ਆਪਣੇ ਮਨ ਨੂੰ ਸ਼ਾਂਤ ਕਰਦਾ ਹੈ, ਅਹੰਕਾਰ ਨੂੰ ਮਿਟਾਉਂਦਾ ਹੈ ਅਤੇ ਆਤਮਿਕ ਉੱਚਾਈਆਂ ਤੱਕ ਪਹੁੰਚਦਾ ਹੈ। ਜਿੱਥੇ ਸੇਵਾ ਹੈ, ਓਥੇ ਹੀ ਸੱਚੀ ਭਗਤੀ ਹੈ ਅਤੇ ਜਿੱਥੇ ਭਗਤੀ ਹੈ, ਓਥੇ ਹੀ ਪ੍ਰਭੂ ਦਾ ਨਿਵਾਸ ਹੈ। ਸਮਾਰੋਹ ਦੌਰਾਨ ਸੇਵਾਦਾਰ ਕ੍ਰਿਸ਼ਨ ਮੁਨੀਮ ਨੇ ਚਾਹ-ਪਾਣੀ ਅਤੇ ਆਤਿਥੀ ਦੀ ਵਿਵਸਥਾ ਬੜੀ ਨਿਮਰਤਾ ਨਾਲ ਕੀਤੀ। ਅੰਤ ’ਚ ਮੁੱਖ ਮਹਿਮਾਨ ਸ਼੍ਰੀਮਤੀ ਸ਼ਾਰਦਾ ਦੇਵੀ ਜੀ ਅਤੇ ਅਨਿਲ ਕੁਮਾਰ ਗੋਇਲ ਨੇ ਰਾਸ਼ਨ ਵੰਡਣ ਵਾਲੀਆਂ ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ, ਜੋ 435 ਵਿਧਵਾ ਅਤੇ ਜਰੂਰਤਮੰਦ ਮਹਿਲਾਵਾਂ ਤੱਕ ਸਹਾਇਤਾ ਪਹੁੰਚਾਉਣ ਲਈ ਨਿਕਲੀਆਂ। ਇਸ ਮੌਕੇ ਕਈ ਪ੍ਰਸਿੱਧ ਵਿਅਕਤੀਆਂ ਜਿਵੇਂ ਕਿ ਯਸ਼ਪਾਲ ਅਗਰਵਾਲ, ਮਨੋਜ ਦਿਵੇਦੀ, ਸੋਮਨਾਥ ਗਰਗ, ਰਾਜਿੰਦਰ ਗਰਗ, ਟੀ.ਆਰ. ਅਰੋੜਾ, ਡਾਕਟਰ ਬਸ਼ੀਰ, ਡਾ. ਬਿਲਵਾ ਮੰਗਲ, ਵਰਿੰਦਰ ਕਟਾਰੀਆ, ਸੰਤੋਸ਼ ਰਾਣੀ, ਐੱਲ.ਡੀ. ਮਹਿਰਾ, ਸ਼ਾਮ ਲਾਲ ਸਿੰਗਲਾ, ਸੁਰਿੰਦਰ ਸਿੰਗਲਾ, ਬੰਸੀ ਲਾਲ ਢੀਂਗਰਾ, ਮਨਜੀਤ ਕੌਰ ਨੰਗਲ, ਅੰਗਰੇਜ ਸਿੰਘ, ਸੁਭਾਸ਼ ਮਿੱਤਲ, ਦਰਸ਼ਨ ਗੋਇਲ, ਮੁਕੇਸ਼ ਜਿੰਦਲ, ਹਨੀ ਸਟੂਡੀਓ, ਜਸਵਿੰਦਰ ਸਿੰਘ ਢਿੱਲਵਾਂ ਕਲਾਂ, ਦਰਸ਼ਨ ਗੋਇਲ, ਰਾਜਿੰਦਰ ਕੁਮਾਰ, ਮਨਮੋਹਨ ਸਿੰਘ ਚਾਵਲਾ, ਓਮ ਪ੍ਰਕਾਸ਼ ਗੁਪਤਾ, ਨੀਰੂ ਪੁਰੀ, ਸੁਨੀਤਾ ਰਾਣੀ, ਸਿਮਰਜੀਤ ਕੌਰ, ਅਨੀਤਾ ਰਾਣੀ, ਸੰਜੀਵ ਢੀਂਗਰਾ, ਸੰਦੀਪ ਸਚਦੇਵਾ, ਸੁਭਾਸ਼ ਜਰਮਨੀ, ਰਾਜਿੰਦਰ ਕੁਮਾਰ, ਕ੍ਰਿਸ਼ਨ ਮੁਨੀਮ, ਬੁੱਟਾ ਸਿੰਘ ਪੁਰਬਾ, ਬੁੱਟਾ ਸਿੰਘ ਮਦਾਨ, ਰਾਜਿੰਦਰ ਆਦਿ ਹੋਰ ਕਈ ਸੇਵਾਦਾਰ ਮੌਜੂਦ ਰਹੇ। ਹਾਜ਼ਰ ਰਹੇ। ਉਨ੍ਹਾਂ ਦੀ ਸੇਵਾ ਅਤੇ ਸਮਰਪਣ ਨੇ ਇਸ ਪਵਿੱਤਰ ਯਤਨ ਨੂੰ ੋਰ ਭਾਵਪੂਰਣ ਬਣਾਇਆ। ਸਰਪ੍ਰਸਤ ਯਸ਼ਪਾਲ ਅਗਰਵਾਲ ਅਤੇ ਪ੍ਰਧਾਨ ਮਨੋਜ ਦਿਵੇਦੀ ਨੇ ਸਭ ਸੇਵਾਦਾਰਾਂ ਅਤੇ ਦਾਨੀ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਐਲਾਨ ਕੀਤਾ ਕਿ ਅਗਲਾ 270ਵਾਂ ਮਾਸਿਕ ਰਾਸ਼ਨ ਵੰਡ ਸਮਾਰੋਹ 7 ਦਸੰਬਰ 2025 (ਐਤਵਾਰ) ਨੂੰ ਅਗਰਵਾਲ ਭਵਨ, ਕੋਟਕਪੂਰਾ ਵਿੱਚ ਆਯੋਜਿਤ ਕੀਤਾ ਜਾਵੇਗਾ।

## ਬੀਐਸਐਨਐਲ ਪੈਨਸ਼ਨਰਜ਼ ਮੀਟਿੰਗ ਵਿੱਚ ਪੇਟ ਰੋਗ ਮਾਹਿਰ ਸੁਮਿਤ ਮਹਿਤਾ ਨੇ ਪੇਟ ਦੇ ਰੋਗਾਂ ਬਾਰੇ ਡੂੰਘੀ ਜਾਣਕਾਰੀ ਦਿੱਤੀ -ਸ਼ਾਮ ਸੁੰਦਰ ਕੱਕੜ

### ਤਰਕਸ਼ੀਲਾਂ ਵੱਲੋਂ ਕਰਵਾਈ ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਾਥੀਆਂ ਦਾ ਧੰਨਵਾਦ - ਸੁਰਿੰਦਰ ਪਾਲ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 3 ਨਵੰਬਰ : ਬੀਐਸਐਨਐਲ ਪੈਨਸ਼ਨਰਜ਼ ਐਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਅੱਜ ਸਥਾਨਕ ਸ਼੍ਰੀ ਨੈਣਾ ਦੇਵੀ ਮੰਦਰ ਧਰਮਸ਼ਾਲਾ ਵਿਖੇ ਹੋਈ।ਮੀਟਿੰਗ ਦੇ ਆਰੰਭ ਵਿੱਚ ਇਸ ਮਹੀਨੇ ਵਿਛੜੇ ਸਾਥੀਆਂ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਜਲੀ ਪੇਸ਼ ਕੀਤੀ ਗਈ।

ਜੇਰੇ ਇਲਾਜ਼ ਸਾਥੀ ਸ਼੍ਰੀ ਪੀ ਸੀ ਬਾਘਾ ਜੀ ਦੀ ਸਿਹਤ ਬਾਰੇ ਹਾਊਸ ਨੂੰ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੀ ਜਲਦੀ ਤੰਦਰੁਸਤੀ ਦੀ ਕਾਮਨਾ ਕੀਤੀ ਗਈ।

ਕਾਮਰੇਡ ਰਘਵੀਰ ਸਿੰਘ ਛਾਜਲੀ ਨੇ ਤੀਜੇ ਪੀ ਸੀ ਆਰ ਬਾਰੇ ਜਾਣਕਾਰੀ ਦਿੱਤੀ ਅਤੇ ਹਾਲ ਹੀ ਵਿੱਚ ਉੱਚ ਪੁਲੀਸ ਅਧਿਕਾਰੀ ਡੀ ਜੀ ਆਈ ਉਪਰ ਸੀਬੀਆਈ ਦੇ ਸ਼ਿਕੰਜੇ ਨਾਲ ਭ੍ਰਿਸ਼ਟ ਤੰਤਰ ਦੇ ਬੇ -ਨਕਾਬ ਹੋਣ ਤੇ ਪੁਲਿਸ ਤੰਤਰ ਵਿੱਚ ਇਸ ਤਰ੍ਹਾਂ ਦੀ ਪ੍ਰਵਿਰਤੀ ਦੀ ਸਖ਼ਤ ਤੋਂ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ।



ਸ਼੍ਰੀ ਸੁਰਿੰਦਰ ਪਾਲ ਨੇ ਤਰਕਸ਼ੀਲ ਸੋਸਾਇਟੀ ਸੰਗਰੂਰ ਵੱਲੋਂ ਇਸ ਮਹੀਨੇ ਕਰਵਾਏ ਗਏ ਚੇਤਨਾ ਪਰਖ਼ ਪ੍ਰੀਖਿਆ ਦੌਰਾਨ ਸੇਵਾਵਾਂ ਦੇਣ ਲਈ ਸ਼੍ਰੀ ਸ਼ਿਵ ਚਰਨ ਦਾਸ ਅਤੇ ਸ਼੍ਰੀ ਅਸ਼ਵਨੀ ਕੁਮਾਰ ਦੀ ਸ਼ਲਾਘਾ ਕੀਤੀ।

ਸ਼੍ਰੀ ਸ਼ਾਮ ਸੁੰਦਰ ਕੱਕੜ ਨੇ ਹੜ੍ਹ ਪੀੜ੍ਹਤ ਇਲਾਕਿਆਂ ਵਿੱਚ ਸੇਵਾਵਾਂ ਦੇਣ ਵਾਲੀ ਸਿਰਮੌਰ ਸੰਸਥਾ ਗਲੋਬਲ ਸਿੱਖਸ ਦੇ ਕੰਮਕਾਜ ਬਾਰੇ ਆਪਣੇ ਪ੍ਰਭਾਵ ਸਦਨ ਵਿੱਚ ਸਾਂਝੇ ਕੀਤੇ ਅਤੇ ਰਾਹਤ ਸਮੱਗਰੀ ਨੂੰ ਲੋੜਵੰਦਾਂ ਤਕ ਪੁੱਜਦਾ ਕਰਨ ਲਈ ਵਲੰਟੀਅਰ ਸਾਥੀਆਂ ਦੇ ਸਹਿਯੋਗ ਦਾ ਜ਼ਿਕਰ ਕੀਤਾ।

ਪੇਟ ਦੇ ਰੋਗਾਂ ਦੇ ਉੱਚਕੋਟੀ ਮਾਹਿਰ ਡਾਕਟਰ ਸੁਮਿਤ ਮਹਿਤਾ ਨੇ ਬੜੀ ਸਰਲ ਭਾਸ਼ਾ ਵਿੱਚ ਪੇਟ ਦੇ ਰੋਗਾਂ ਦੇ ਲੱਛਣ, ਇਲਾਜ਼ ਅਤੇ ਅਜੋਕੀ ਜੀਵਨ ਸ਼ੈਲੀ ਵਿੱਚ ਇਨ੍ਹਾਂ ਦੇ ਵਧਣ ਦੇ ਕਾਰਨਾਂ ਬਾਰੇ ਚਾਨਣਾ ਪਾਇਆ ਅਤੇ ਸੰਗਰੂਰ ਸਥਿੱਤ ਆਪਣੇ ਹਸਪਤਾਲ ਸ਼ਿਵਾ ਗਾਸਟਰੋ ਹਸਪਤਾਲ ਵਿੱਚ ਚਾਲੂ ਸਿਹਤ ਸਹੂਲਤਾਂ ਬਾਰੇ ਦੱਸਿਆ।

ਵਿਦੇਸ਼ਾਂ ਤੋਂ ਥੋੜ੍ਹਾ ਸਮਾਂ ਪਹਿਲਾਂ ਆਏ ਰਿਟਾਇਰਡ ਡੀ ਈ ਟੀ ਸ਼੍ਰੀ ਐਚ ਐਸ ਨਿੱਜਰ ਨੇ ਆਤਮਾ, ਪਰਮਾਤਮਾ, ਧਰਮ ਅਤੇ ਮੈਡੀਟੇਸ਼ਣ ਬਾਰੇ ਬਹੁਤ ਹੀ ਸੂਖਮ ਅਤੇ ਮਹੱਤਵਪੂਰਨ ਜਾਣਕਾਰੀ ਦਿੱਤੀ ।

ਸ਼੍ਰੀ ਅਸ਼ਵਨੀ ਕੁਮਾਰ ਨੇ ਸਹਾਇਤਾ ਰਾਸ਼ੀ ਦਾ ਹਿਸਾਬ ਕਿਤਾਬ ਸਦਨ ਸਾਹਮਣੇ ਪੇਸ਼ ਕੀਤਾ ਅਤੇ ਪਿਛਲੇ ਸਮੇਂ ਦੌਰਾਨ ਭਰਵਾਏ ਗਏ ਨੌਮੀਨੇਸ਼ਨ ਫਾਰਮਾਂ ਦੀਆਂ ਰਸੀਦਾਂ ਵੰਡੀਆਂ।

ਸ਼੍ਰੀ ਕੇਵਲ ਸਿੰਘ ਮਲੇਰਕੋਟਲਾ ਨੇ ਦੋ ਲੋਕ ਗੀਤ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ।

ਇਸ ਮਹੀਨੇ ਜਨਮ ਦਿਨ ਅਤੇ ਹੋਰ ਪਰੀਵਾਰਕ ਖ਼ੁਸ਼ੀਆਂ ਵਾਲੇ ਸਾਥੀਆਂ ਨੂੰ ਗਿਫ਼ਟ ਦੇ ਕੇ ਸਨਮਾਨਿਤ ਕੀਤਾ ਗਿਆ।

ਸ਼੍ਰੀ ਨਵਨੀਤ ਕੁਮਾਰ ਬਰਨਾਲਾ ਅਤੇ ਸ਼੍ਰੀ ਸ਼ਾਮ ਸੁੰਦਰ ਕੱਕੜ ਦੀ ਅਗਵਾਈ ਵਿੱਚ ਰਾਹਤ ਸਮੱਗਰੀ ਪਹੁੰਚਾਉਣ ਵਾਲੀ ਟੀਮ ਨੂੰ ਵਿਸ਼ੇਸ਼ ਤੌਰ ਤੇ ਗਿਫ਼ਟ ਦੇ ਕੇ ਸਨਮਾਨਿਤ ਕੀਤਾ ਗਿਆ।

ਮੰਚ ਸੰਚਾਲਨ ਸ਼੍ਰੀ ਸ਼ਾਮ ਸੁੰਦਰ ਕਕੜ ਵੱਲੋਂ ਬਹੁਤ ਵਧੀਆ ਤਰੀਕੇ ਨਾਲ ਕੀਤਾ ਗਿਆ। ਮੀਟਿੰਗ ਬਹੁਤ ਸਫਲ ਰਹੀ।

## ਭਾਈ ਜੈਤਾ ਜੀ ਫਾਉਂਡੇਸ਼ਨ ਵਲੋਂ ਦੋ ਸਾਲਾਂ ਮੁਫਤ ਨੀਟ ਅਤੇ ਜੇ ਈ ਈ ਦੀ ਤਿਆਰੀ ਲਈ ਫਾਰਮ ਭਰਨ ਦੀ ਆਖਰੀ ਮਿਤੀ 30 ਨਵੰਬਰ ਨਿਰਧਾਰਤ ।

### ਸੰਸਥਾ ਵੱਲੋਂ ਵਿਦਿਆਰਥੀਆਂ ਲਈ ਚੰਡੀਗੜ ਸੈਕਟਰ 28 ਏ ਵਿਖੇ ਕੋਚਿੰਗ, ਰਿਹਾਇਸ਼, ਖਾਣਾ ਮੁਫਤ – ਹਰਵਿੰਦਰ ਸਿੰਘ ਮਰਵਾਹਾ ਕੋਆਰਡੀਨੇਟਰ ਫਰੀਦਕੋਟ, ਜਸਵਿੰਦਰ ਸਿੰਘ ਪਸਰੀਚਾ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ






ਫਰੀਦਕੋਟ 3 ਨਵੰਬਰ : ਭਾਈ ਜੈਤਾ ਜੀ ਫਾਊਂਡੇਸ਼ਨ ਵੱਲੋਂ ਲੋੜਵੰਦ ਵਿਦਿਆਰਥੀਆਂ ਤੋਂ ਮੁਫਤ ਦੋ ਸਾਲਾਂ ਨੀਟ ਤੇ ਜੇਈਈ ਦੀ ਤਿਆਰੀ ਲਈ 2026 –2026 ਕੋਚਿੰਗ ਦਾ ਪ੍ਰੋਗਰਾਮ ਨਿਰਧਾਰਤ ਕੀਤਾ ਗਿਆ ਹੈ । ਇੱਥੇ ਜਾਣਕਾਰੀ ਦਿੰਦਿਆ ਭਾਈ ਹਰਵਿੰਦਰ ਸਿੰਘ ਕੋਆਰਡੀਨੇਟਰ ਫਰੀਦਕੋਟ ਨੇ ਦੱਸਿਆ ਕਿ ਸ੍ਰ ਹਰਪਾਲ ਸਿੰਘ ਮੈਨੇਜਿੰਗ ਟਰੱਸਟੀ , ਡਾਕਟਰ ਬੀ. ਐਨ.ਐਸ ਵਾਲੀਆ ਅਤੇ ਕੁਲਮੀਤ ਸਿੰਘ ਅਮਰੀਕਾ ਦੀ ਯੋਗ ਅਗਵਾਈ ਵਿੱਚ ਚੱਲ ਰਹੀ ਸੰਸਥਾ ਭਾਈ ਜੈਤਾ ਜੀ ਫਾਊਂਡੇਸ਼ਨ ਇੰਡੀਆ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਬਹੁਤ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ, ਸੰਸਥਾਂ ਵੱਲੋਂ ਲੰਮੇ ਸਮੇਂ ਤੋ ਲਗਾਤਾਰ ਲੋੜਵੰਦਾਂ ਲਈ ਸਿੱਖਿਆ ਸਬੰਧੀ ਸੇਵਾ ਕਾਰਜ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਭਾਈ ਜੈਤਾ ਜੀ ਫਾਊਂਡੇਸ਼ਨ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ 2026-2028 ਦੇ ਦੋ ਸਾਲਾ ਰਿਹਾਇਸ਼ੀ ਪ੍ਰੋਗਰਾਮ ਲਈ ਐਪਲੀਕੇਸ਼ਨਾਂ ਦੀ ਮੰਗ ਕੀਤੀ ਗਈ ਹੈ । 10ਵੀਂ ਕਲਾਸ (ਮੈਡੀਕਲ ਅਤੇ ਨਾਨ ਮੈਡੀਕਲ) ਵਿੱਚ ਪੜ ਰਹੇ ਵਿਦਿਆਰਥੀ 30 ਨਵੰਬਰ ਤੱਕ ਫਾਰਮ ਭਰ ਕੇ ਭੇਜ ਸਕਦੇ ਹਨ । ਉਹਨਾਂ ਦੱਸਿਆ ਕਿ ਐਮ ਬੀ ਬੀ ਐਸ ਅਤੇ ਆਈ ਆਈ ਟੀ ਲਈ ਕੋਚਿੰਗ, ਰਿਹਾਇਸ਼, ਖਾਣਾ ਫਰੀ ਹੈ। ਉਹਨਾਂ ਦੱਸਿਆ ਕਿ ਸੀਟਾਂ ਸੀਮਤ ਹਨ ਅਤੇ ਸੈਕਟਰ 28 ਏ ਵਿੱਚ ਇਹ ਕੋਚਿੰਗ ਸੈਂਟਰ ਚੱਲ ਰਿਹਾ ਹੈ । ਹਰਵਿੰਦਰ ਸਿੰਘ ਮਰਵਾਹਾ ਕੋਆਰਡੀਨੇਟਰ ਫਰੀਦਕੋਟ ਨੇ ਦਸਿਆ ਇਸ ਤੋਂ ਇਲਾਵਾਂ ਕਿ ਨਵੋਦਿਆ ਸਕੂਲਾਂ ਵਿੱਚ ਭੇਜਣ ਲਈ ਫਰੀਦਕੋਟ ਜ਼ਿਲ੍ਹੇ ਵਿੱਚ 15 ਕੋਚਿੰਗ ਸੈਂਟਰ ਅਤੇ ਪੰਜਾਬ ਵਿੱਚ 115 ਸੈਂਟਰ ਚਲਾਏ ਗਏ ਹਨ । ਜਸਵਿੰਦਰ ਸਿੰਘ ਪਸਰੀਚਾ ਨੇ ਦੱਸਿਆ ਸੁਪਰ ਫੋਰਟੀ ਪ੍ਰੋਗਰਾਮ ਤਹਿਤ +1ਅਤੇ +2 ਦੇ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਨੀਟ ਅਤੇ ਜੇ.ਈ.ਈ ਦੀ ਤਿਆਰੀ ਚੰਡੀਗੜ੍ਹ ਵਿਚ ਦੋ ਸਾਲ ਰੱਖ ਕੇ ਮੁਫ਼ਤ ਕਰਵਾਈ ਜਾਂਦੀ ਹੈ, ਕੋਚਿੰਗ ,ਰਿਹਾਇਸ਼ ,ਖਾਣਾ ਸਭ ਮੁਫ਼ਤ ਹੈ। ਹੁਣ ਤੱਕ 400 ਦੇ ਕਰੀਬ ਵਿਦਿਆਰਥੀਆਂ ਨੂੰ ਐੱਮ.ਬੀ.ਬੀ.ਐੱਸ ਅਤੇ ਆਈ .ਆਈ. ਟੀ ਲਈ ਸਰਕਾਰੀ ਕਾਲਜ ਜਾਂ ਚੰਗੇ ਰੈਪੂਟੇਸ਼ਨ ਵਾਲੇ ਕਾਲਜਾਂ ਵਿੱਚ ਦਾਖਲ ਕਰਵਾਇਆ ਜਾ ਚੁੱਕਾ ਹੈ । ਉਹਨਾਂ ਦੱਸਿਆ ਕਿ ਫਾਰਮ ਲਈ ਹਰਵਿੰਦਰ ਸਿੰਘ ਫਰੀਦਕੋਟ ਨਾਲ ਮੋਬਾਇਲ ਨੰਬਰ ਤੇ 99881 45499 ਤੇ ਸੰਪਰਕ ਕੀਤਾ ਜਾ ਸਕਦਾ ਹੈ । ਉਹਨਾਂ ਦੱਸਿਆ ਕਿ ਔਨ ਲਾਈਨ ਨੌਵੀਂ ਦਸਵੀਂ ਦੀਆਂ ਫਰੀ ਕਲਾਸਾਂ ਵੀ ਲਾਈਆਂ ਜਾ ਰਹੀਆਂ ਹਨ । ਉਹਨਾਂ ਇਲਾਕੇ ਦੀਆਂ ਧਾਰਮਿਕ, ਸਮਾਜ ਸੇਵੀ ਸੰਸਥਾਵਾਂ ਸਮੂਹ ਅਧਿਆਪਕ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਉਹ ਲੋੜਵੰਦ ਵਿਦਿਆਰਥੀਆਂ ਤੱਕ ਸੁਨੇਹਾ ਪਹੁੰਚਾ ਕੇ ਉਹਨਾਂ ਦੀ ਮੱਦਦ ਕਰਨ । ਭਾਈ ਜੈਤਾ ਜੀ ਫਾਉਂਡੇਸ਼ਨ ਵਲੋਂ ਕੀਤੇ ਜਾ ਰਹੇ ਇਸ ਪਰਉਪਕਾਰੀ ਉਪਰਾਲੇ ਦੀ ਸਮਾਜ ਸੇਵੀ ਸੰਸਥਾਵਾਂ ਤੇ ਸ਼ਹਿਰ ਵਾਸੀਆ ਵੱਲੋਂ ਪ੍ਰਸੰਸ਼ਾਂ ਕੀਤੀ ਜਾ ਰਹੀ ਹੈ।

## ਪੰਜਾਬ ਵਿੱਚੋਂ ਖੇਡਾਂ ਵਿੱਚ ਡਰੀਮਲੈਂਡ ਪਬਲਿਕ ਸਕੂਲ ਦੀਆਂ ਲੜਕੀਆਂ ਨੇ ਜਿੱਤੇ ਮੈਡਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 3 ਨਵੰਬਰ : ਜਲੰਧਰ ਵਿਖੇ ਹੋਈਆਂ ਸਕੂਲੀ ਰਾਜ ਪੱਧਰੀ ਖੇਡਾਂ ਵਿੱਚ ਕੁਰਾਸ਼ ਦੇ ਮੁਕਾਬਲਿਆਂ ਵਿੱਚ ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀਆਂ ਲੜਕੀਆਂ ਅੰਡਰ 17 ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਪੰਜਾਬ ਰਾਜ ਪੱਧਰ ਦੀਆਂ ਖੇਡਾਂ ਵਿੱਚ ਪੰਜਾਬ ਵਿੱਚੋਂ ਕੁਰਾਸ਼ ਦੇ ਮੁਕਾਬਲੇ ਵਿੱਚ ਨੌਵੀਂ ਜਮਾਤ ਦੀ ਵਿਦਿਆਰਥੀ ਤਮੰਨਾ ਸਪੁੱਤਰੀ ਅੰਗਰੇਜ਼ ਸਿੰਘ (-36 ਕਿੱਲੋ) ਅਤੇ ਸੱਤਵੀਂ ਜਮਾਤ ਦੀ ਵਿਦਿਆਰਥਣ ਅਰੂਸ਼ੀ ਸਪੁੱਤਰੀ ਹਰਜੀਤ ਸਿੰਘ (-44 ਕਿੱਲੋ) ਨੇ ਉਮਰ ਵਰਗ 17 ਵਿੱਚ ਭਾਗ ਲਿਆ ਅਤੇ ਰਾਜ ਵਿੱਚੋਂ ਤੀਜਾ ਸਥਾਨ ਹਾਸਿਲ ਕਰਕੇ ਬ੍ਰੋਨਜ਼ ਮੈਡਲ ਜਿੱਤਿਆ। ਇਸ ਮੌਕੇ ਉਨ੍ਹਾਂ ਨੇ ਸਕੂਲ ਦੇ ਪ੍ਰਿੰਸੀਪਲ, ਸਟਾਫ, ਕੋਚ ਸਾਹਿਬਾਨ ਅਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ। ਇਸੇ ਤਰ੍ਹਾਂ ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਇਸ ਸ਼ਾਨਦਾਰ ਜਿੱਤ ਲਈ ਵਿਦਿਆਰਥਣਾਂ ਅਤੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਵਿਦਿਆਰਥਣਾਂ ਅਤੇ ਕੋਚ ਸਾਹਿਬਾਨਾਂ ਦੀ ਮਿਹਨਤ ਦਾ ਨਤੀਜਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥਣਾਂ ਅਤੇ ਕੋਚ ਸਾਹਿਬਾਨਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਨਵਪ੍ਰੀਤ ਸ਼ਰਮਾ, ਹਰਵਿੰਦਰ ਸਿੰਘ (ਕੋਚ), ਰਾਜਪ੍ਰੀਤ ਸਿੰਘ (ਕੋਚ), ਸਮੂਹ ਸਟਾਫ ਅਤੇ ਵਿਦਿਆਰਥੀ ਵੀ ਹਾਜ਼ਰ ਸਨ।